| SIMPLE SENTENCES.<br>**Change below sentences into PUNJABI.** | |
|---|---|
| THIS IS A GURUDWARA. (Exmple) | ਇਹ ਇੱਕ ਗੁਰਦੁਆਰਾ ਹੈ । |
| THIS IS A BOOK. | |
| SHE IS A GIRL. | |
| HE IS A BOY. | |
| I AM A TEACHER. | |
| I AM A DOCTOR. | |
| MY NAME IS __________. | |
| SHE IS MY MOM. | |
| SHE IS NICE. | |
| THAT IS A CAR. | |
| CAR IS BLUE. | |
| IT RUNS FAST. | |
| HE IS A PLAYER. | |
| HE IS A STUDENT. | |
| WE ARE EATING. | |
| I AM A BRAVE GIRL. | |
| SHE SINGS SHABAD. | |
| SHE IS A WOMAN. | |
| HE IS A POLICE OFFICER. | |

HOME WORK FOR VIRSA
-Write sentences and fill in the blanks from Sakhi Miri Piri
- Review History questions 100 to 115
-Paath Shri Japji Sahib pauri 15 to 20

# ਮੀਰੀ ਪੀਰੀ

ਪੰਜਵੇ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ਗੁਰੂ ਹਰਗੋਬਿੰਦ ਜੀ ਨੂੰ ਉਸ ਸਮੇਂ ਗੁਰ ਗੱਦੀ ਪਰ ਬਿਠਾਇਆ ਗਿਆ ਜਦ ਉਹਨਾਂ ਦੀ ਉਮਰ ਕੇਵਲ ੧੧ ਸਾਲਾਂ ਦੀ ਹੀ ਸੀ । ਇਤਨੀ ਛੋਟੀ ਉਮਰ ਵਿੱਚ ਹੀ ਉਨ੍ਹਾਂ ਦੇ ਦਿਲ ਵਿੱਚ ਜੋਸ਼ ਤੇ ਬੀਰਤਾ ਦੀ ਜਵਾਲਾ ਭੜਕ ਰਹੀ ਸੀ ।ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੂੰ ਹੁਕਮ ਕੀਤਾ ਸੀ ਕਿ ਹੁਣ ਹਥਿਆਰ ਅਤੇ ਫੌਜਾਂ ਤਿਆਰ ਕਰਨ ਦਾ ਸਮਾਂ ਆ ਗਿਆ ਹੈ । ਬਾਬਾ ਬੁੱਢਾ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਹੁਕਮ ਅਤੇ ਗੁਰੂ ਘਰ ਦੀ ਰਸਮ ਅਨੁਸਾਰ ਗੁਰੂ ਹਰਿਗੋਬਿੰਦ ਜੀ ਦੇ ਦਸਤਾਰ ਸਜਾਈ ਅਤੇ ਬਾਬਾ ਜੀ ਨੇ ਦੋ ਕਿਰਪਾਨਾਂ ਪਹਿਨਾ ਦਿੱਤੀਆਂ ਤਾਂ ਗੁਰੂ ਜੀ ਨੇ ਫੁਰਮਾਇਆ, "ਇਕ ਕਿਰਪਾਨ ਪੀਰੀ ਦੀ ਅਤੇ ਇਕ ਮੀਰੀ ਦੀ ।"

ਇਸ ਤਰ੍ਹਾਂ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਕੇ ਗੁਰੂ ਜੀ ਨੇ ਗੁਰੂ ਘਰ ਵਿੱਚ ਕੇਵਲ ਭਗਤੀ ਹੀ ਨਹੀ ਬਲਕਿ ਸ਼ਕਤੀ ਦਾ ਵੀ ਪ੍ਰਵੇਸ਼ ਕਰਵਾ ਦਿੱਤਾ । ਇਸ ਤਰ੍ਹਾਂ ਛੇਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਧਰਮ ਦੇ ਨਾਲ-ਨਾਲ ਮਜਲੂਮਾਂ ਦੀ ਰਾਖੀ ਲਈ ਕਿਰਪਾਨ ਧਾਰਣ ਕਰਨ ਲਈ ਕਿਹਾ । ਮੀਰੀ-ਪੀਰੀ ਦੀਆਂ ਕਿਰਪਾਨਾ ਉਨ੍ਹਾਂ ਨੇ ਕੇਵਲ ਨਾਂ ਲਈ ਹੀ ਨਹੀਂ ਪਹਿਨੀਆਂ ਸਗੋਂ ਉਨ੍ਹਾਂ ਦੇ ਆਸ਼ੇ ਅਨੁਸਾਰ ਅਸਲੀ ਕੰਮ ਭੀ ਸ਼ੁਰੂ ਕਰ ਦਿੱਤਾ । ਜਵਾਨ ਸਿੱਖਾਂ ਨੂੰ ਇਕਠਿਆਂ ਕਰ ਕੇ ਫੌਜ ਤਿਆਰ ਕਰਨੀ ਸ਼ੁਰੂ ਕਰ ਦਿੱਤੀ । ਸੰਗਤਾਂ ਨੂੰ ਚੰਗੇ ਹਥਿਆਰ ਅਤੇ ਘੋੜੇ ਲਿਆਉਣ ਲਈ ਕਿਹਾ । ਸਿੱਖਾਂ ਨੂੰ ਘੋੜ ਸਵਾਰ ਅਤੇ ਸ਼ਸਤ੍ਰ ਵਿਦਿਆ ਦਾ ਅਭਿਆਸ ਰੋਜ਼ ਕਰਾਉਂਦੇ । ਉਨ੍ਹਾਂ ਨੇ ਪੂਰੀ ਜੰਗੀ ਤਿਆਰੀ ਸ਼ੁਰੂ ਕਰ ਦਿੱਤੀ ਅਤੇ ਰਾਜਿਆਂ ਵਾਂਗ ਸ਼ਾਹੀ ਠਾਠ ਨਾਲ ਰਹਿੰਦੇ ਸਨ। ਗੁਰ-ਗੱਦੀ ਤੇ ਬੈਠਣ ਵਾਲੇ ਸਾਲ ਹੀ ਉਹਨਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਸ਼ੁਰੂ ਕਰ ਦਿੱਤੀ, ਲੋਹਗੜ੍ਹ ਬੁਰਜ ਅਤੇ ਸ਼ਹਿਰ ਦੀ ਰਖਿਆ ਲਈ ਕੁਝ ਹੋਰ ਕਿਲੇ ਵੀ ਬਣਵਾਏ । ਅਕਾਲ ਤਖਤ ਦਾ ਪਹਿਲਾ ਜਥੇਦਾਰ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਬਣਾਇਆ । ਅਕਾਲ ਤਖਤ ਅੱਜ ਵੀ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਸਾਹਮਣੇ ਸਥਿਤ ਹੈ । ਅਕਾਲ ਤਖਤ ਦੇ ਸਾਹਮਣੇ ਦੋ ਨਿਸ਼ਾਨ ਸਾਹਿਬ ਇਕੱਠੇ ਝੁੱਲਦੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਧਰਮ ਅਤੇ ਰਾਜਨੀਤੀ ਦੋਵੇਂ ਇਕੱਠੇ ਹਨ । ਅੱਜ ਵੀ ਸਿੱਖਾਂ ਦੇ ਪੰਥਕ ਮਸਲੇ ਅਕਾਲ ਤਖਤ ਤੋਂ ਹੀ ਸੁਲਝਾਏ ਜਾਂਦੇ ਹਨ ।

ਅਭਿਆਸ ਵਾਕ ਬਨਾਓ :

| | |
|---|---|
| ੧. | ਜੋਸ਼ |
| | |
| ੨. | ਸ਼ਹੀਦੀ |
| ੩. | ਹਥਿਆਰ |
| ੪. | ਸ਼ਕਤੀ |
| ੫. | ਘੋੜ ਸਵਾਰ |
| ੬. | ਸ਼ਾਹੀ ਠਾਠ |
| | |
| ੭. | ਉਸਾਰੀ |
| | |
| ੮. | ਪੰਥਕ |
| ੯. | ਮਸਲੇ |
| ੧੦. | ਰਾਜਨੀਤੀ |
| | |

ਖਾਲੀ ਥਾਂਵਾਂ ਭਰੋ:

੧. ਪੰਜਵੇ ਪਾਤਿਸ਼ਾਹ .................... ਦੀ ਸ਼ਹੀਦੀ ਪਿਛੋਂ ਗੁਰੂ ਹਰਗੋਬਿੰਦ ਜੀ ਨੂੰ .............. ਸਾਲ ਦੀ ਉਮਰ ਤੇ ਗੁਰ ਗੱਦੀ ਪਰ ਬਿਠਾਇਆ ਗਿਆ ।

੨. ........................ ਨੇ ਗੁਰੂ ਅਰਜਨ ਦੇਵ ਜੀ ਦੇ ਹੁਕਮ ਅਤੇ ਗੁਰੂ ਘਰ ਦੀ ਰਸਮ ਅਨੁਸਾਰ ਗੁਰੂ ਹਰਿਗੋਬਿੰਦ ਜੀ ਦੇ ................. ਸਜਾਈ ਅਤੇ ਬਾਬਾ ਜੀ ਨੇ ਦੋ ਕਿਰਪਾਨਾਂ ਪਹਿਨਾ ਦਿੱਤੀਆਂ ਤਾਂ ਗੁਰੂ ਜੀ ਨੇ ਫੁਰਮਾਇਆ, "................................................................. ।"

੩. ਇਸ ਤਰ੍ਹਾਂ ਛੇਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਧਰਮ ਦੇ ਨਾਲ-ਨਾਲ ..............ਦੀ ਰਾਖੀ ਲਈ .................... ਧਾਰਣ ਕਰਨ ਲਈ ਕਿਹਾ ।

੪. ਗੁਰੂ ਜੀ ਨੇ .................... ਸਾਹਿਬ ਦੀ ਉਸਾਰੀ ਸ਼ੁਰੂ ਕਰ ਦਿੱਤੀ, .................ਬੁਰਜ ਅਤੇ ਸ਼ਹਿਰ ਦੀ ਰਖਿਆ ਲਈ ਕੁਝ ਹੋਰ ਕਿਲੇ ਵੀ ਬਣਵਾਏ ।

੫. ਅਕਾਲ ਤਖਤ ਦਾ ਪਹਿਲਾ ਜਥੇਦਾਰ ਗੁਰੂ ਜੀ ਨੇ .......................... ਜੀ ਨੂੰ ਬਣਾਇਆ